1

# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪੀ.ਐੱਸ.ਈ.ਬੀ. ਕੰਪਲੈਕਸ, ਬਲਾਕ- ਈ, ਚੌਥੀ ਮੰਜ਼ਿਲ, ਫੇਜ਼-8, ਐੱਸ.ਏ.ਐੱਸ.ਨਗਰ

ਸ਼ਾਖਾ- ਸਕੂਲ ਆਫ਼ ਐਮੀਨੈਂਸ (Schoolofeminencepunjab@gmail.com)

---

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਪ੍ਰਿੰਸੀਪਲ SOE, RSMS ਅਤੇ ਸਬੰਧਤ ਸਕੂਲ,
ਸਕੂਲ ਸਿੱਖਿਆ ਵਿਭਾਗ, ਪੰਜਾਬ।

**ਮੀਮੋ ਨੰ.**: SOE/E- 1133952/2026164058

**ਮਿਤੀ:** 15.06.2026

**ਵਿਸ਼ਾ:** **ਸਮਰ ਰਿਹਾਇਸ਼ੀ ਕੋਚਿੰਗ ਕੈਂਪ, 2026 ਦੇ ਸਬੰਧ ਵਿੱਚ।**

ਵਿਭਾਗ ਵੱਲੋਂ SOE, RSMS ਅਤੇ ਹੋਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਸਮਰ ਰਿਹਾਇਸ਼ੀ ਕੋਚਿੰਗ ਕੈਂਪ, 2026 ਮੈਰੀਟੋਰੀਅਸ ਸਕੂਲ- ਬਠਿੰਡਾ, ਮੋਹਾਲੀ, ਜਲੰਧਰ ਅਤੇ ਅਮ੍ਰਿਤਸਰ ਵਿਖੇ ਮਿਤੀ: 28.06.2026 ਤੱਕ ਲਗਾਇਆ ਜਾ ਰਿਹਾ ਹੈ।

2.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਭਾਗੀਦਾਰ ਵਿਦਿ. ਦੇ ਸਬੰਧਤ ਪ੍ਰਿੰਸੀਪਲ ਸਹਿਬਾਨਾਂ ਵੱਲੋਂ ਬਹੁਤ ਛੋਟੇ ਕਾਰਨਾ ਦੇ ਸਨਮੁੱਖ ਸਬੰਧਤ ਵਿਦਿ. ਦੇ ਮਾਪਿਆਂ ਨੂੰ ਸਮੇਤ/ਬਿਨਾ Recommendation ਪੱਤਰ ਭੇਜਦੇ ਹੋਏ ਕੈਂਪ ਸਥਾਨ ਤੇ ਵਿਦਿ. ਨੂੰ ਵਾਪਸ ਲੈਣ ਲਈ ਭੇਜ ਦਿੱਤਾ ਜਾਂਦਾ ਹੈ।

3.0 ਵਿਭਾਗ ਵੱਲੋਂ ਇਹਨਾਂ ਕੈਂਪਸ ਸਬੰਧੀ ਰਾਜ ਪੱਧਰੀ ਪ੍ਰਸ਼ਾਸਕੀ ਉਪਰਾਲੇ, ਮਨੁੱਖੀ ਸਰੋਤ ਅਤੇ ਸਰਕਾਰੀ ਵਸਾਏ ਵਰਤੇ ਜਾ ਰਹੇ ਹਨ, ਕੈਂਪ ਸਥਾਨ ਤੇ ਹਰ ਤਰ੍ਹਾਂ ਦੀ ਵਿਵਸਥਾ, ਜਿਸ ਵਿੱਚ ਮੈਡੀਕਲ ਟੀਮ ਦੀ ਤੈਨਾਤੀ, ਸੈਨੀਟੇਸ਼ਨ, ਏਅਰ ਕੂਲਰਾਂ ਦੀ ਵਿਵਸਥਾ, ਵਿਦਿਆਰਥੀਆਂ ਲਈ ਸੰਤੁਲਿਤ ਡਾਈਟ ਪਲਾਨ ਆਦਿ ਸ਼ਾਮਲ ਹਨ, ਕੀਤੀ ਗਈ ਹੈ ਅਤੇ ਇਹਨਾਂ ਕੈਂਪਸ ਦੀ ਪ੍ਰਭਾਵਸ਼ੀਲਤਾ ਲਈ ਵਿਭਾਗ ਵੱਲੋਂ ਪਹਿਲੀਆਂ ਸੂਚੀਆਂ ਵਿੱਚ ਚੁਣੇ ਵਿਦਿਆਰਥੀਆਂ ਦੀ ਇਹਨਾਂ ਕੈਂਪਸ ਵਿੱਚ ਭਾਗੀਦਾਰੀ ਦੀ ਅਹਿਮ ਭੂਮੀਕਾ ਹੈ।

4.0 ਉਕਤ ਦੇ ਸਨਮੁੱਖ ਆਪ ਨੂੰ ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕੈਂਪ ਸਥਾਨ ਤੇ ਕਿਸੇ ਵਿਦਿਆਰਥੀ ਦੇ ਮਾਪਿਆਂ ਨੂੰ ਨਾ ਭੇਜਿਆ ਜਾਵੇ। ਮਾਪਿਆਂ ਨੂੰ ਇਹਨਾਂ ਕੈਂਪਸ ਦੀ ਮਹੱਤਤਾ ਸਬੰਧੀ ਸਮਝਾਇਆ ਜਾਵੇ। ਅਪਾਤਕਾਲੀਨ ਸਥਿਤੀ ਵਿੱਚ ਸਬੰਧਿਤ ਸਕੂਲ ਪ੍ਰਿੰਸੀਪਲ ਵੱਲੋਂ ਕੈਂਪ ਨੋਡਲ ਪ੍ਰਿੰਸੀਪਲ ਸਹਿਬਾਨ ਅਤੇ ਸਬੰਧਤ ਕੈਂਪ ਨੋਡਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸਹਿਬਾਨ ਦੀ ਪ੍ਰਵਾਨਗੀ ਉਪਰੰਤ ਹੀ ਆਪਣੇ ਸਕੂਲ ਦੇ ਅਧਿਆਪਕ ਦੀ ਵਿਦਿਆਰਥੀ ਨੂੰ ਲੈ ਕੇ ਆਉਣ ਸਬੰਧੀ ਡਿਊਟੀ ਲਗਾਈ ਜਾਵੇਗੀ।

**ਸਕੱਤਰ ਸਿੰਘ ਬੱਲ, ਪੀ.ਸੀ.ਐੱਸ.,**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**
**ਐੱਸ.ਏ.ਐੱਸ. ਨਗਰ**

**ਪਿਠ ਅੰਕਣ ਨੰ.**: ਉਕਤ **ਮਿਤੀ:** 15.06.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ./ ਮਾਨਯੋਗ ਪ੍ਰਬੰਧਕੀ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ
2. ਪੀ.ਏ./ ਮਾਨਯੋਗ ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ
3. ਪੀ.ਏ./ ਮਾਨਯੋਗ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਜੀ
4. ਪ੍ਰੋਜੈਕਟ ਡਾਇਰੈਕਟਰ ਮੈਰੀਟੋਰੀਅਸ ਸੋਸਾਇਟੀ ਜੀ

Jyoti 15.06.26

**ਸਹਾਇਕ ਡਾਇਰੈਕਟਰ (ਐੱਸ.ਓ.ਈ.)**

PTO

# ਦਫਤਰ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ :

ਮਿਤੀ 16.06.2026

ਉਪਰੋਕਤ ਦਾ ਉਤਾਰਾ ( ਪੰਨਾ ਨੰ 1, ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਦੇ ਮੀਮੋ ਨੰ SOE/E-1133952/2026164058 ਮਿਤੀ 15.06.2026) ਸਬੰਧਤ ਸਕੂਲ ਮੁੱਖੀਆਂ, ਜਿਲ੍ਹਾ ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਹੁਕਮ /ਹਦਾਇਤਾਂ ਦਾ ਪਾਲਣਾ ਯਕੀਨੀ ਬਣਾਈ ਜਾਵੇ।

16/6/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ